# ਗੁਰਦੁਆਰਾ ਚੋਣਾਂ ਵਿੱਚ 'ਗੋਰੀ' ਬਣੀ ਉਮੀਦਵਾਰ !

ਸੈਨਹੋਜ਼ੇ–(ਤਰਲੋਚਨ ਸਿੰਘ ਦੁਪਾਲਪੁਰ)–ਸਿੱਖ ਰਹੁ–ਰੀਤਾਂ ਦੇ ਪਾਲਣ ਕਰਨ ਤੋਂ ਮੂੰਹ ਮੋੜਨ ਵਾਲੀਆਂ ਕੁਲਹਿਣੀਆਂ ਪ੍ਰਵਿਰਤੀਆਂ ਤੋਂ ਚਿੰਤਾ–ਗ੍ਰਸਤ ਹੋਏ ਸਿੱਖ ਹਲਕਿਆਂ ਵਿੱਚ ਇਹ ਖਬਰ ਵੱਡੀ ਦਿਲਚਸਪੀ ਨਾਲ ਪੜ੍ਹੀ ਸੁਣੀ ਜਾਵੇਗੀ ਕਿ ਜਨਮ ਤੋਂ ਹੀ ਅਮਰੀਕਨ ਨਾਗਰਿਕ ਇਕ 'ਗੋਰੀ' ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿੱਚ ਉਮੀਦਵਾਰ ਬਣੀ ਹੈ। ਖੰਡੇ ਕੀ ਪਾਹੁਲ ਛਕ ਕੇ ਨੈਂਸੀ ਤੋਬਸਮੈਨ ਤੋਂ ਹਰਸਿਮਰਤਨ ਕੌਰ ਖਾਲਸਾ ਬਣ ਚੁੱਕੀ ਇਸ ਗੋਰੀ ਦੀ ਵਚਿੱਤਰ ਕਹਾਣੀ, ਸਿੱਖ ਘਰਾਣਿਆਂ ਦੀਆਂ ਬੀਬੀਆਂ ਲਈ ਪ੍ਰੇਰਨਾ–ਸਰੋਤ ਬਣ ਸਕਦੀ ਹੈ। ਮੈਰੀਲੈਂਡ ਸਟੇਟ ਦੇ ਬਾਲਟੀਮੋਰ ਸ਼ਹਿਰ ਵਿੱਚ ਜਨਮੀ 53 ਸਾਲਾ ਇਸ ਬੀਬੀ ਨੇ ਕ੍ਰਿਸਚੀਅਨ ਲਿਟਰੇਚਰ ਅਤੇ ਸੋਸ਼ਲ ਸਟੱਡੀ ਵਿਸ਼ਿਆਂ ਵਿੱਚ ਮਾਸਟਰ ਡਿਗਰੀਆਂ ਲਈਆਂ ਹੋਈਆਂ ਹਨ ।

ਸਰਕਾਰੀ ਕਾਉਂਟੀ ਵਿੱਚ ਐਗਜ਼ੈਕਟਿਵ ਅਸਿਸਟੈਂਟ ਦੇ ਅਹੁਦੇ 'ਤੇ ਕੰਮ ਕਰ ਚੁੱਕੀ ਹਰਸਿਮਰਤ ਕੌਰ ਨੇ ਵਰਜੀਨੀਆਂ ਸਟੇਟ ਇਕ ਗੁਰੂ ਘਰ ਦੇ ਗ੍ਰੰਥੀ ਗਿਆਨੀ ਕੁਲਦੀਪ ਸਿੰਘ ਤੋਂ ਪੰਜਾਬੀ ਸਿੱਖੀ । ਸਿੱਖ ਪੰਥ ਦੀਆਂ ਮਾਇਆ ਨਾਜ਼ ਹਸਤੀਆਂ ਸਵਰਗੀ ਗਿਆਨੀ ਸੰਤ ਸਿੰਘ ਮਸਕੀਨ, ਭਾਈ ਜਗਤਾਰ ਸਿੰਘ ਜਾਚਕ ਅਤੇ ਗਿਆਨੀ ਗੁਰਬਚਨ ਸਿੰਘ ਥਾਈਲੈਂਡ ਵਾਲਿਆਂ ਤੋਂ ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਸੰਥਿਆ ਗ੍ਰਹਿਣ ਕੀਤੀ । ਸਿਰਫ਼ ਪੰਜਾਂ ਮਹੀਨਿਆਂ ਵਿੱਚ ਹੀ ਇਹ ਬੀਬੀ ਅਖੰਡ ਪਾਠ ਵਿੱਚ ਹਿੱਸਾ ਲੈਣ ਦੇ ਸਮਰੱਥ ਹੋ ਗਈ । ਯਹੂਦੀਆਂ ਦੀ ਹਿਬਰੂ ਭਾਸ਼ਾ ਵਿੱਚ ਜਪੁਜੀ ਸਾਹਿਬ ਦਾ ਉਲੱਥਾ ਕਰ ਚੁੱਕੀ ਬੀਬੀ ਖਾਲਸਾ ਨੂੰ ਗੁਰਬਾਣੀ ਦੇ ਬਹੁਤ ਸਾਰੇ ਔਖੇ ਉਚਾਰਨ ਵਾਲੇ ਸ਼ਬਦ, ਜਿਵੇਂ ਗੂਜਰੀ ਰਾਗ ਵਿਚਲਾ ਜੈ ਦੇਵ ਦਾ 'ਪਦਾ' ਜ਼ੁਬਾਨੀ ਕੰਠ ਹਨ।



ਹਰਸਿਮਰਤ ਕੌਰ ਦੀ ਪਹਿਲਾਂ ਅਤੇ ਬਾਅਦ ਦੀ ਤਸਵੀਰ

ਕੈਲੇਫੋਰਨੀਆ ਦੀ ਸਿੱਖ ਸਿਆਸਤ ਦਾ ਕੇਂਦਰ ਮੰਨੇ ਜਾਂਦੇ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਚੁਣਨ ਲਈ ਹੋ ਰਹੀਆਂ ਚੋਣਾਂ ਵਿੱਚ ਬੀਬੀ ਹਰਸਿਮਰਤ ਕੌਰ ਅਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਹੈ । ਹੋਰ ਦਿਲਚਸਪ ਗੱਲ ਇਹ ਹੈ ਕਿ ਚੋਣ ਮੈਦਾਨ 'ਚ ਉਤਰੇ ਸਾਰੇ ਉਮੀਦਵਾਰਾਂ ਵਿੱਚ ਇਹੀ ਇੱਕੋ ਇਕ ਬੀਬੀ ਹੈ ਜੋ ਗੁਰਦੁਆਰਾ ਪ੍ਰਬੰਧ ਲਈ ਪੰਥ ਪ੍ਰਵਾਣਿਤ ਰਹਿਤ ਮਰਿਯਾਦਾ ਲਾਗੂ ਕਰਵਾਉਣ ਦਾ ਵਾਅਦਾ ਕਰ ਰਹੀ ਹੈ। ਬਾਕੀ ਦੇ ਉਮੀਦਵਾਰ ਸਿਰਫ਼ ਇਮਾਰਤ ਸਾਜੀ ਅਤੇ ਪ੍ਰਬੰਧਾਂ ਵਿੱਚ ਕਥਿਤ 'ਪਾਰਦਰਸ਼ਤਾ' ਦਾ ਰਾਗ ਅਲਾਪ ਰਹੇ ਹਨ ।

ਗੁਰਬਾਣੀ ਸ਼ਬਦਾਂ ਦਾ ਗਿਟਾਰ ਨਾਲ ਕੀਰਤਨ ਕਰਦਿਆਂ ਜਦੋਂ ਬੀਬੀ ਖਾਲਸਾ ਅੰਗਰੇਜ਼ੀ 'ਚ ਵਿਆਖਿਆ ਵੇਲੇ ਸਿੱਖ ਬੀਬੀਆਂ ਨੂੰ ਰੋਹ ਨਾਲ ਪੁੱਛਦੀ ਹੈ ਕਿ ਜੇ ਮੈਂ ਪੰਜਾਬੀ ਸਿੱਖ ਕੇ, ਗੁਰੂ ਕੀ ਬਾਣੀ ਖੁਦ ਪੜ੍ਹਨ ਤੇ ਵੀਚਾਰਨ ਲੱਗ ਪਈ ਹਾਂ, ਤੁਸੀਂ ਜਮਾਂਦਰੂ ਖਾਨਦਾਨੀ ਸਿੱਖ ਹੋਣ ਕਰਕੇ ਐਸਾ ਕਿਉਂ ਨਹੀਂ ਕਰਦੀਆਂ? ਤਾਂ ਉਸ ਦੇ ਚਿਹਰੇ 'ਤੇ ਜਲਾਲ ਦੇਖਣ ਵਾਲਾ ਹੁੰਦਾ ਹੈ। ਗੁਰੂ ਘਰਾਂ ਵਿੱਚ ਅਖੰਡ ਪਾਠਾਂ ਦੀਆਂ ਲੜੀਆਂ ਚਲਾਉਣ ਦੇ ਵਿਰੁੱਧ ਬੀਬੀ ਹਰਸਿਮਰਤ ਕੌਰ ਦਾ ਕਹਿਣਾ ਹੈ ਕਿ ਗੁਰੂ ਆਸ਼ੇ ਅਨੁਸਾਰ ਖੁਦ ਹੀ ਬਾਣੀ ਪੜ੍ਹਨੀ ਤੇ ਵੀਚਾਰਨੀ ਚਾਹੀਦੀ ਹੈ। ਗੁਰੂ ਘਰ ਦੀਆਂ ਚੋਣਾਂ ਬਾਰੇ ਉਸ ਨੇ ਆਖਿਆ ਕਿ ਹਾਰ–ਜਿੱਤ ਦੀ ਥਾਂ ਮੇਰਾ ਨਿਸ਼ਾਨਾ ਸਿੱਖ ਪੰਥ ਵਿੱਚ ਔਰਤਾਂ ਦੇ ਹੱਕਾਂ ਦੀ ਪੈਰਵਾਈ ਕਰਨਾ ਹੈ।

## ਬ੍ਰਮਿੰਘਮ ਵਿਖੇ ਆਤਮ–ਰਸ ਕੀਰਤਨ ਦਰਬਾਰ 14 ਮਾਰਚ ਨੂੰ

ਬ੍ਰਮਿੰਘਮ : 'ਗੁਰੂ ਲਾਧੋ ਰੇ ਸੁਸਾਇਟੀ ਯੂ ਕੇ' ਅਤੇ 'ਗੁਰਦੁਆਰਾ ਬਾਬੇ ਕੇ' ਵਲੋਂ ਸਤਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦਾ ਗੁਰਗੱਦੀ ਦਿਵਸ ਮਨਾਉਂਦੇ ਹੋਏ 14 ਮਾਰਚ ਦਿਨ ਐਤਵਾਰ ਸ਼ਾਮ ਨੂੰ ਆਤਮ–ਰਸ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ ਭਾਈ ਸੁਰਜੀਤ ਸਿੰਘ ਕੋਮਲ, ਭਾਈ ਹਰਪਾਲ ਸਿੰਘ ਦਿੱਲੀ ਵਾਲੇ, ਭਾਈ ਸਾਹਿਬ ਸਿੰਘ ਖਾਲਸਾ, ਭਾਈ ਬਲਵੰਤ ਸਿੰਘ ਜੋਸ਼ ਅਤੇ ਬੀਬੀ ਪਰਮਜੀਤ ਕੌਰ ਖਾਲਸਾ ਆਦਿ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

## ਕੁਲਦੀਪ ਬਿਸ਼ਨੋਈ ਨੂੰ ਪੁਲੀਸ ਦੇ ਡੰਡੇ ਪੈਣ ਫਿਜਾ ਹੋਈ ਬਾਗੋਬਾਗ



ਚੰਡੀਗੜ੍ਹ-ਹਰਿਆਣਾ ਜਨਹਿਤ ਕਾਂਗਰਸ ਵਰਕਰਾਂ 'ਤੇ ਬੀਤੇ ਦਿਨੀਂ ਚੰਡੀਗੜ੍ਹ 'ਚ ਪੁਲੀਸ ਵੱਲੋਂ ਕੀਤੇ ਗਏ ਲਾਠੀਚਾਰਜ 'ਤੇ ਪ੍ਰਤੀਕਿਰਿਆ ਪ੍ਰਗਟਾਉਂਦੇ ਹੋਏ ਅਨੁਰਾਧਾ ਬਾਲੀ ਉਰਫ ਫਿਜ਼ਾ ਨੇ ਕਿਹਾ ਹੈ ਕਿ ਕੁਲਦੀਪ ਬਿਸ਼ਨੋਈ ਦੇ ਨਾਲ ਜੋ ਕੁਝ ਵੀ ਹੋਇਆ ਹੈ, ਉਸ ਨੂੰ ਉਸ ਦੇ ਕੀਤੇ ਦਾ ਫਲ ਮਿਲ ਗਿਆ ਹੈ। ਫਿਜ਼ਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਉਸ ਦੇ ਨਾਲ ਅਜਿਹਾ ਹੀ ਹੋਣਾ ਚਾਹੀਦਾ ਸੀ। ਉਸ ਨੇ ਦੋਸ਼ ਲਗਾਇਆ ਕਿ ਉਹ ਗੁੰਡਾਗਰਦੀ ਕਰਦਾ ਰਿਹਾ ਹੈ ਤੇ ਹੁਣ ਸੜਕਾਂ 'ਤੇ ਉੱਤਰ ਆਇਆ ਹੈ। ਪੁਲੀਸ ਨੇ ਉਸ ਨੂੰ ਚੰਗਾ ਸਬਕ ਸਿਖਾਇਆ ਹੈ।

## ਆਈ. ਐੱਸ. ਆਈ. ਨੂੰ ਪਤਾ ਏ ਲਾਦੇਨ ਦਾ ਅੱਡਾ - ਟਰਨਰ



ਨਿਊਯਾਰਕ-ਪ੍ਰਸਿੱਧ ਅਮਰੀਕੀ ਫ਼ੌਜੀ ਇਤਿਹਾਸਕਾਰ ਸਟੀਫਨ ਟਰਨਰ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ. ਐੱਸ. ਆਈ. ਅੱਤਵਾਦੀ ਜੱਥੇਬੰਦੀ ਅਲਕਾਇਦਾ ਦੇ ਸਰਗਣਾ ਓਸਾਮਾ ਬਿਨ ਲਾਦੇਨ ਦੇ ਲੁਕਣ ਦੇ ਟਿਕਾਣੇ ਤੋਂ ਵਾਕਫ ਹੈ, ਪਰ ਅਮਰੀਕਾ ਤੇ ਭਾਰਤ ਦਰਮਿਆਨ ਨਜ਼ਦੀਕੀ ਬਣ ਰਹੇ ਰਿਸ਼ਤਿਆਂ ਤੋਂ ਚਿੰਤਤ ਹੋ ਕੇ ਉਹ ਇਸ ਨੂੰ ਲੁਕਾ ਕੇ ਰੱਖਣਾ ਚਾਹੁੰਦੀ ਹੈ, ਤਾਂ ਕਿ ਭਵਿੱਖ ਵਿੱਚ ਉਸ ਦਾ ਰਣਨੀਤਿਕ ਲਾਭ ਉਠਾਇਆ ਜਾ ਸਕੇ। ਅਫ਼ਗਾਨਿਸਤਾਨ ਦੀਆਂ ਵੱਖ-ਵੱਖ ਜੰਗਾਂ ਬਾਰੇ ਕਿਤਾਬ ਲਿਖ ਚੁੱਕੇ ਟਰਨਰ ਨੇ ਕਿਹਾ ਕਿ ਆਈ. ਐੱਸ. ਆਈ. ਜਾਣਦੀ ਹੈ ਕਿ ਲਾਦੇਨ ਕਿੱਥੇ ਲੁਕਿਆ ਹੈ, ਪਰ ਉਹ ਇਸ ਨੂੰ ਲੁਕਾ ਕੇ ਰੱਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪਾਕਿਸਤਾਨ ਨਾਲ ਇੱਕ ਸਮਝੌਤਾ ਕਰਨਾ ਚਾਹੀਦਾ, ਕਿਉਂਕਿ ਮੈਂ ਜਾਣਦਾ ਹਾਂ ਕਿ ਲਾਦੇਨ ਦੀ ਸੁਰੱਖਿਆ ਆਈ. ਐੱਸ. ਆਈ. ਕਰ ਰਹੀ ਹੈ।

## ਸਕੂਲ ਦਾ ਸਲਾਨਾ ਇਨਾਮ ਵੰਡ ਤੇ ਵਿਦਾਇਗੀ ਸਮਾਗਮ ਕੇਸ ਅਤੇ ਦਸਤਾਰਧਾਰੀ ਬੱਚਿਆਂ ਲਈ ਸਲਾਨਾ ਦਸ ਹਜ਼ਾਰ



ਪਿੰਡ ਚੱਕ ਰਾਮੂੰ ਦੇ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਪ੍ਰਵਾਸੀ ਭਾਰਤੀ ਸ: ਸੋਹਨ ਸਿੰਘ ਮੰਡੇਰ ਡਰਬੀ ਯੂ ਕੇ । *-ਤਸਵੀਰ-ਮੰਡੇਰ*

ਬਹਿਰਾਮ- (ਮੰਡੇਰ)- ਇੱਥੋਂ ਤਿੰਨ ਕਿਲੋਮੀਟਰ ਦੂਰ ਪਿੰਡ ਚੱਕ ਰਾਮੂੰ ਦੇ ਸਰਕਾਰੀ ਸੈਕੰਡਰੀ ਸਕੂਲ ਵਲੋਂ ਪਸਵਕ ਚੇਅਰਮੈਨ ਸ: ਹਰਵਿੰਦਰ ਸਿੰਘ ਅਤੇ ਪ੍ਰਿੰਸੀਪਲ ਸ੍ਰੀ ਰਾਮ ਪ੍ਰਕਾਸ਼ ਜੀ ਦੀ ਅਗਵਾਈ ਹੇਠ ਸਲਾਨਾ ਇਨਾਮ ਵੰਡ ਤੇ ਵਿਦਾਇਗੀ ਸਮਾਗਮ ਕਰਵਾਇਆ ਗਿਆ ਜਿਸ ਦੇ ਮੁੱਖ ਮਹਿਮਾਨ ਵਜੋਂ ਪ੍ਰਵਾਸੀ ਭਾਰਤੀ ਸ: ਸੋਹਨ ਸਿੰਘ ਮੰਡੇਰ ਯੂ ਕੇ ਪੁੱਜੇ ਜਿਨ੍ਹਾਂ ਆਪਣੇ ਹੱਥੀਂ ਪੜ੍ਹਾਈ ਅਤੇ ਖੇਡਾਂ ਵਿਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ । ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਕੁਲਦੀਪ ਬਾਵਾ ਦੀ ਅਗਵਾਈ ਹੇਠ ਬੱਚਿਆਂ ਵਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਨਸ਼ਿਆਂ, ਭਰੂਣ ਹੱਤਿਆ, ਅਨਪੜ੍ਹਤਾ, ਦੇਸ਼ ਭਗਤੀ ਦੇ ਰੰਗ ਪੇਸ਼ ਕੀਤੇ ਗਏ । ਇਸ ਮੌਕੇ ਸੋਹਨ ਸਿੰਘ ਮੰਡੇਰ ਨੇ ਉਨ੍ਹਾਂ ਵਿਦਿਆਰਥੀਆਂ ਲਈ ਹਰ ਸਾਲ 10 ਹਜ਼ਾਰ ਰੁਪਏ ਖਰਚਣ ਦਾ ਐਲਾਨ ਕੀਤਾ ਜੋ ਕਿ ਕੇਸਾਧਾਰੀ ਹੋਣਗੇ ਅਤੇ ਦਸਤਾਰ ਸਜਾਉਂਦੇ ਹੋਣਗੇ । ਇਸ ਮੌਕੇ ਪੰਚ ਪਿਆਰਾ ਸਿੰਘ ਚਾਹਲ, ਪੰਚ ਲਹਿੰਬਰ ਸਿੰਘ ਵਿਰਦੀ, ਸਰਪੰਚ ਬੀਬੀ ਰਜਨੀ, ਬੀਬੀ ਸੁਰਿੰਦਰ ਕੌਰ, ਸੁਖਵਿੰਦਰ ਸਿੰਘ ਢਿੱਲੋਂ ਚੇਅਰਮੈਨ ਐਲੀਮੈਂਟਰੀ ਸਕੂਲ, ਸਾਬਕਾ ਪ੍ਰਿੰਸੀਪਲ ਸ: ਰਛਪਾਲ ਸਿੰਘ ਖਹਿਰਾ, ਜਥੇਦਾਰ ਹਰਜਾਪ ਸਿੰਘ ਮੰਡੇਰ, ਅੰਤਰਰਾਸ਼ਟਰੀ ਖਿਡਾਰੀ ਮਨਜੀਤ ਸਿੰਘ ਮੰਨ੍ਹਾ, ਅਮਰਜੀਤ ਸਿੰਘ ਚਾਹਲ, ਮੱਖਣ ਸਿੰਘ, ਤਰਸੇਮ ਸਿੰਘ ਕੱਟਾਂ, ਮਾਸਟਰ ਗੁਰਚਮਨ ਸਿੰਘ, ਸਰਬਜੀਤ ਸਿੰਘ, ਧਿਆਨ ਸਿੰਘ, ਪਰਮਜੀਤ ਕਲਸੀ ਅਤੇ ਸਕੂਲ ਸਟਾਫ ਹਾਜ਼ਰ ਸਨ ।

## ਹਾਊਸ ਦੀ ਮਰਿਆਦਾ ਭੰਗ ਕਰਨ ਦੇ ਮੁੱਦੇ 'ਤੇ ਬੀਬੀ ਭੱਠਲ ਬਾਰੇ ਫ਼ੈਸਲਾ ਅੱਗੇ ਪਿਆ

**ਚੰਡੀਗੜ੍ਹ-ਕਾਂਗਰਸ ਵਿਧਾਇਕ ਦਲ ਦੀ ਨੇਤਾ ਬੀਬੀ ਭੱਠਲ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਹਾਊਸ ਦੀ ਮਰਿਆਦਾ ਦੀ ਉਲੰਘਣਾ ਸੰਬੰਧੀ ਹਾਊਸ ਦੀ ਵਿਸ਼ੇਸ਼ ਅਧਿਕਾਰਾਂ ਵਾਲੀ ਕਮੇਟੀ ਦੀ ਮੁੜ ਮੀਟਿੰਗ ਹੋਈ ਅਤੇ ਬੀਬੀ ਭੱਠਲ ਵੱਲੋਂ ਕਮੇਟੀ ਸਾਹਮਣੇ ਦਿੱਤੇ ਬਿਆਨ ਦੀ ਘੋਖ ਕੀਤੀ ਗਈ, ਪਰੰਤੂ ਕਮੇਟੀ ਨੇ ਹਾਲੇ ਕੋਈ ਫ਼ੈਸਲਾ ਨਹੀਂ ਦਿੱਤਾ। ਸੂਚਨਾ ਅਨੁਸਾਰ ਅਗਲੇ ਹਫ਼ਤੇ ਕਮੇਟੀ ਦੀ ਮੁੜ ਮੀਟਿੰਗ ਹੋਵੇਗੀ ਅਤੇ ਉਸ ਵਿੱਚ ਕਮੇਟੀ ਵੱਲੋਂ ਫ਼ੈਸਲਾ ਲਏ ਜਾਣ ਦੀ ਸੰਭਾਵਨਾ ਹੈ।**

## ਕੇਸਾਧਾਰੀ ਨੌਜਵਾਨ ਦਾ ਬੌਕਸਿੰਗ ਵਿਚ ਕਮਾਲ



ਇੰਦਰ ਸਿੰਘ ਬਾਸੀ ਆਪਣੇ ਬਾਬਾ ਜੀ ਸ: ਮੇਜਰ ਸਿੰਘ ਬਾਸੀ ਦੇ ਨਾਲ

ਬਾਰਕਿੰਗ – ਇਥੇ ਰਹਿਣ ਵਾਲਾ ਇੰਦਰ ਸਿੰਘ ਬਾਸੀ ਉਹ ਹੋਣਹਾਰ ਕੇਸਾਧਾਰੀ ਲੜਕਾ ਹੈ, ਜਿਸ ਨੇ ਪਿਛਲੇ ਦਿਨੀਂ ਬਾਕਸਿੰਗ ਵਿਚ 13 ਸਾਲ ਤੋਂ ਘੱਟ ਉਮਰ ਵਰਗ ਵਿਚ ਏ ਬੀ ਏ ਈ ਸਕੂਲਜ਼ ਚੈਂਪੀਅਨਸ਼ਿੱਪ 2010 ਸੈਮੀਫਾਈਨਲ ਮੁਕ–ਾਬਲਾ ਜਿੱਤਿਆ । ਉਸ ਨੇ ਇਹ ਬਾਕਸਿੰਘ ਪਹਿਲੇ ਸਾਲ ਹੀ ਸ਼ੁਰੂ ਕੀਤੀ ਹੈ । ਬੌਕਸਿੰਘ ਦੀ ਦੁਨੀਆ ਵਿਚ ਉਸ ਨੂੰ ਇਸ ਮੁਕਾਬਲੇ ਤੋਂ ਪਹਿਲਾਂ ਕੋਈ ਨਹੀਂ ਜਾਣਦਾ ਸੀ । ਉਸ ਨੇ ਉਨ੍ਹਾਂ ਬੌਕਸਰ ਲੜਕਿਆਂ ਨਾਲ ਮੁਕ–ਾਬਲਾ ਕੀਤਾ ਜਿਹੜੇ ਕਈ ਸਾਲਾਂ ਤੋਂ ਬਾਕਸਿੰਗ ਕਰਦੇ ਆ ਰਹੇ ਸਨ । ਇੰਦਰ ਸਿੰਘ ਵੁਡਫੋਰਡ ਯੂਥ ਕਲੱਬ ਨਾਲ ਫੁੱਟਬਾਲ ਵੀ ਖੇਡਦਾ ਹੈ । ਉਸ ਦਾ ਬਾਬਾ ਸ: ਮੇਜਰ ਸਿੰਘ ਬਾਸੀ ਵੀ ਇੰਗਲੈਂਡ 'ਚ 1961 ਵਿਚ ਏਸ਼ੀਆ ਦਾ ਪਹਿਲਾ ਬੌਕਸਰ (ਮੁੱਕੇਬਾਜ਼) ਰਿਹਾ ਹੈ । ਉਹ ਫੇਅਰਬੈਨ ਹਾਊਸ ਬਾਕਸਿੰਗ ਕਲੱਬ ਕੈਨਿੰਗ ਟਾਊਨ ਈਸਟ ਲੰਡਨ ਲਈ ਖੇਡਦਾ ਰਿਹਾ ਹੈ । ਇੰਦਰ ਸਿੰਘ ਦਾ ਪਿਤਾ ਕਮਲਜੀਤ ਸਿੰਘ ਕਬੱਡੀ ਖਿਡਾਰੀ ਹੈ ਤੇ ਉਸ ਦਾ ਚਾਚਾ ਸੁਖਬੀਰ ਸਿੰਘ 1985 ਤੇ 1996 ਵਿਚ ਬਾਕਸਿੰਗ ਚੈਂਪੀਅਨ ਰਹਿ ਚੁੱਕਾ ਹੈ ।